## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਸਕੂਲ ਮੁੱਖੀ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

**ਮੀਮੋਨੰ:DySPD (PEDB)/2021/** 12171
**ਮਿਤੀ: 15.04.2021**

**ਵਿਸ਼ਾ: ਬਦਲੀਆਂ ਦੇ ਹੁਕਮ ਲਾਗੂ ਕਰਨ ਸਬੰਧੀ।**
**ਹਵਾਲਾ: ਇਸ ਦਫਤਰ ਦਾ ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/122853, ਮਿਤੀ: 08.04.2021**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਦੇ ਪੈਰਾ 3.0 ਅਨੁਸਾਰ ਲਿਖਿਆ ਗਿਆ ਸੀ ਕਿ:
"ਜੇਕਰ ਕੋਈ ਅਧਿਆਪਕ ਕੋਵਿਡ-19 ਨਾਲ ਗ੍ਰਸਤ ਹੈ ਅਤੇ ਉਸ ਨੂੰ Quarantine ਹੋਣ ਦੀ ਸਲਾਹ ਦਿੱਤੀ ਗਈ ਹੈ ਤਾਂ ਜਿਸ ਦਿਨ ਅਧਿਆਪਕ ਸਕੂਲ ਵਿਖੇ ਆਪਣਾ ਮੈਡੀਕਲ ਫਿਟਨੈਸ ਸਰਟੀਫਿਕੇਟ ਦੇਵੇਗਾ ਉਸ ਦਿਨ ਉਸ ਅਧਿਆਪਕ ਨੂੰ ਇਸ ਸਕੂਲ ਤੋਂ ਫਾਰਗ ਕੀਤਾ ਜਾਵੇਗਾ। ਇਸੇ ਤਰਾਂ ਪ੍ਰਸੂਤਾ ਛੁੱਟੀ ਅਤੇ ਜੋ ਅਧਿਆਪਕ ਮੈਡੀਕਲ ਅਧਾਰ ਤੇ ਛੁੱਟੀ ਤੇ ਹਨ ਅਤੇ ਉਨ੍ਹਾਂ ਦੀ ਬਦਲੀ ਸਕੂਲ ਤੋਂ ਹੋ ਗਈ ਹੈ, ਨੂੰ ਵੀ ਮੈਡੀਕਲ ਫਿਟਨੈਸ ਸਰਟੀਫਿਕੇਟ ਦੇਣ ਤੇ ਫਾਰਗ ਕੀਤਾ ਜਾਵੇਗਾ ਪਰ ਜਿਸ ਸਕੂਲ ਤੋਂ ਬਦਲੀ ਹੋਈ ਹੈ ਉਸ ਸਕੂਲ ਵਿੱਚ ਅਸਾਮੀ ਖਾਲੀ ਮੰਨੀ ਜਾਵੇਗੀ ਅਤੇ ਜਿਸ ਸਕੂਲ ਵਿੱਚ ਬਦਲੀ ਹੋਈ ਹੈ ਉਸ ਸਕੂਲ ਵਿੱਚ ਅਸਾਮੀ ਭਰੀ ਮੰਨੀ ਜਾਵੇਗੀ।"

**2.0** ਆਪ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਕੋਈ ਅਧਿਆਪਕ ਕੋਵਿਡ-19 ਨਾਲ ਗ੍ਰਸਤ ਹੋਣ ਕਾਰਨ Quarantine ਹੈ ਜਾਂ ਪ੍ਰਸੂਤਾ ਛੁੱਟੀ ਤੇ ਹੈ ਜਾਂ ਮੈਡੀਕਲ ਛੁੱਟੀ ਤੇ ਹੈ ਅਤੇ ਉਸ ਦੀ ਬਦਲੀ ਹੋ ਗਈ ਹੈ, ਅਜਿਹੇ ਅਧਿਆਪਕ ਦੀ ਫਾਰਗੀ ਈ-ਮੇਲ ਰਾਹੀਂ ਜਿਸ ਸਕੂਲ ਵਿੱਚ ਬਦਲੀ ਹੋਈ ਹੈ ਵਿਖੇ ਭੇਜ ਦਿੱਤੀ ਜਾਵੇ ਬਸ਼ਰਤੇ ਕਿ ਉਹ ਬਦਲੀ ਦੀਆਂ ਬਾਕੀ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ। ਅਜਿਹੇ ਅਧਿਆਪਕ ਮੈਡੀਕਲ ਫਿਟਨੈੱਸ ਪ੍ਰਾਪਤ ਕਰਨ ਉਪਰੰਤ ਆਪਣੀ ਬਦਲੀ ਵਾਲੇ ਨਵੇਂ ਸਟੇਸ਼ਨ ਤੇ ਹਾਜਰੀ ਦੇਣਗੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

(HR) MS 744

Scanned with CamScanner